ਨੋਟ : ਪੁੱਛ ਗਿੱਛ ਲਈ ਫੋਨ ਨੰ: 0175 3046408 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਫ਼ਾਰਮ ਦੀ ਕੀਮਤ : 100 ਰੁਪਏ
(ਫ਼ੀਸ ਨਾਲ ਵਸੂਲ ਕੀਤੀ ਜਾਵੇਗੀ)
ਫ਼ਾਰਮ ਵੈਬਸਾਈਟ ਤੋਂ ਡਾਊਨਲੋਡ
ਵੀ ਕੀਤਾ ਜਾ ਸਕਦਾ ਹੈ।

ਫ਼ਾਰਮ ਨੰ: P ............ 81139

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਉੱਤਰ-ਕਾਪੀਆਂ ਦੇ ਪੁਨਰ-ਮੁਲਾਂਕਣ ਲਈ ਨਵੇਂ ਨਿਯਮਾਂ/ਸੋਧਾਂ ਤੇ ਅਧਾਰਿਤ ਫ਼ਾਰਮ

**ਨੋਟ : ਇਹ ਫ਼ਾਰਮ ਭਰਨ ਤੋਂ ਪਹਿਲਾਂ ਪੁਨਰ-ਮੁਲਾਂਕਣ ਸੰਬੰਧੀ ਨਿਯਮਾਂ/ਹਦਾਇਤਾਂ ਅਤੇ ਹੇਠਾਂ ਦਰਜ ਸੂਚਨਾ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ। ਨਿਰਧਾਰਿਤ ਮਿਤੀ ਤੋਂ ਬਾਅਦ ਜਾਂ ਅਧੂਰਾ ਭਰਿਆ ਫ਼ਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਰੱਦ ਕਰ ਦਿੱਤਾ ਜਾਵੇਗਾ।**

ਨਤੀਜਾ ਕਾਰਡ/ਆਰਜ਼ੀ ਨਤੀਜਾ ਸੂਚਨਾ-ਪੱਤਰ (Provisional Intimation) ਨੂੰ ਮੂਲ-ਰੂਪ ਵਿੱਚ ਨਾਲ ਨੱਥੀ ਕੀਤਾ ਜਾਵੇ। ਫੋਟੋਸਟੇਟ ਕਾਪੀ ਨਹੀਂ ਮੰਨੀ ਜਾਵੇਗੀ। ਪੁਨਰ-ਮੁਲਾਂਕਣ ਫ਼ਾਰਮ ਰੱਦ ਕਰ ਦਿੱਤਾ ਜਾਵੇਗਾ ਅਤੇ ਜਮ੍ਹਾਂ ਕਰਵਾਈ ਫ਼ੀਸ ਵਾਪਿਸ ਨਹੀਂ ਕੀਤੀ ਜਾਵੇਗੀ।

***ਅੰਡਰ-ਗ੍ਰੈਜੂਏਟ ਪੱਧਰ ਦੀਆਂ ਪ੍ਰੀਖਿਆਵਾਂ ਦੇ ਕੇਵਲ ਦੋ ਵਿਸ਼ਿਆਂ (ਜਾਂ ਉਨ੍ਹਾਂ ਦੇ ਬਣਦੇ ਸਾਰੇ ਏ.ਬੀ. ਅਤੇ ਸੀ. ਪੇਪਰਾਂ ਵਿੱਚੋਂ) ਅਤੇ ਪੋਸਟ-ਗ੍ਰੈਜੂਏਟ ਪੱਧਰ ਦੀਆਂ ਪ੍ਰੀਖਿਆਵਾਂ ਦੇ ਕੇਵਲ ਦੋ ਪੇਪਰਾਂ ਵਿੱਚ ਪੁਨਰ-ਮੁਲਾਂਕਣ ਕਰਵਾਉਣ ਦੀ ਇਜਾਜ਼ਤ ਹੈ।***

ਫ਼ੀਸ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਂ ਕਰਾਸਡ ਬੈਂਕ ਡਰਾਫਟ ਰਾਹੀਂ ਫ਼ਾਰਮ ਦੇ ਨਾਲ ਭੇਜੋ।

ਜਾਂ

ਫ਼ੀਸ ਯੂਨੀਵਰਸਿਟੀ ਕੈਸ਼ੀਅਰ ਕੋਲ ਨਗਦ ਜਮ੍ਹਾਂ ਕਰਵਾਓ ਅਤੇ ***ਰਸੀਦ ਮੂਲ ਰੂਪ ਵਿੱਚ ਫ਼ਾਰਮ ਨਾਲ ਲਗਾਓ।***

| ਯੂਨੀਵਰਸਿਟੀ ਰਸੀਦ/ਬੈਂਕ ਡਰਾਫਟ | ਡੀ. ਨੰਬਰ (ਕੇਵਲ ਦਫ਼ਤਰੀ ਵਰਤੋਂ ਲਈ) |
|---|---|
| ਨੰ........................ | ਨੰ........................ |
| ਮਿਤੀ........................ | ਮਿਤੀ........................ |
| ਰਕਮ........................ | ਰਕਮ........................ |

**ਪੁਨਰ-ਮੁਲਾਂਕਣ ਫ਼ੀਸ**

**ਸਾਰੀਆਂ ਪ੍ਰੀਖਿਆਵਾਂ ਲਈ ਫ਼ੀਸ = 500/-ਰੁਪਏ ਪ੍ਰਤੀ ਉੱਤਰ-ਕਾਪੀ (ਅੰਤਿਮ ਮਿਤੀ ਤੱਕ)**

**ਲੇਟ ਫ਼ੀਸ : *ਅੰਤਿਮ ਮਿਤੀ ਤੋਂ ਬਾਅਦ = 500/- ਰੁਪਏ ਨਾਲ ਅਗਲੇ ਸੱਤ ਦਿਨਾਂ ਤੱਕ***

ਕ੍ਰਮ ਅੰਕ:........................
(ਖਾਲੀ ਰਹਿਣ ਦਿਓ)

1. ਨਾਂ........................ 2. ਪਿਤਾ ਦਾ ਨਾਂ........................
3. ਪ੍ਰੀਖਿਆ ਦਾ ਨਾਂ........................ਭਾਗ/ਸਮੈਸਟਰ........ 4. ਸਾਲ/ਸੈਸ਼ਨ ........ 5. ਰੋਲ ਨੰਬਰ........
6. ਜਿਹੜੇ ਪੇਪਰ/ਵਿਸ਼ੇ ਦਾ ਪੁਨਰ-ਮੁਲਾਂਕਣ ਕਰਵਾਉਣਾ ਚਾਹੁੰਦੇ ਹੋ, ਉਸ ਪੇਪਰ ਦਾ ਪੂਰਾ ਨਾਂ (ਆਪਸ਼ਨ ਸਮੇਤ) ਹੇਠ ਅਨੁਸਾਰ ਭਰਿਆ ਜਾਵੇ:-

| ਪੇਪਰ | ਆਪਸ਼ਨ | ਸਲਾਨਾ/ ਸਮੈਸਟਰ | ਭਾਗ (ਏ, ਬੀ, ਸੀ) | ਆਨਰਜ਼ | ਪ੍ਰਾਪਤ ਕੀਤੇ ਅੰਕ |
|---|---|---|---|---|---|
| ........ | ........ | ........ | ........ | ........ | ........ |
| ........ | ........ | ........ | ........ | ........ | ........ |
| ........ | ........ | ........ | ........ | ........ | ........ |
| ........ | ........ | ........ | ........ | ........ | ........ |
| ........ | ........ | ........ | ........ | ........ | ........ |

7. ਪ੍ਰੀਖਿਆ ਕਿਹੜੀ ਕਪੈਸਿਟੀ ਵਿੱਚ ਦਿੱਤੀ ਹੈ: ਟਿੱਕ ਕੀਤਾ ਜਾਵੇ: ਰੈਗੂਲਰ ☐, ਪੱਤਰ-ਵਿਹਾਰ ☐, ਪ੍ਰਾਈਵੇਟ ☐, ਰੀ-ਅਪੀਅਰ ☐
8. ਜਿਥੇ ਪ੍ਰੀਖਿਆ ਦਿੱਤੀ ਗਈ ਉਸ ਸ਼ਹਿਰ/ਸੈਂਟਰ ਦਾ ਨਾਂ ਅਤੇ ਸੈਂਟਰ ਨੰਬਰ ........................
9. ਕੀ ਉਕਤ ਪੇਪਰ (ਾਂ) ਦੀ/ਦੀਆਂ ਉੱਤਰ-ਕਾਪੀਆਂ ਦੀ ਰੀ-ਚੈਕਿੰਗ ਲਈ ਵੀ ਬਿਨੈ-ਪੱਤਰ ਦਿੱਤਾ ਹੈ ? ਜੇ ਹਾਂ ਤਾਂ ਬਿਨੈ-ਪੱਤਰ ਦੇਣ ਦੀ ਮਿਤੀ ........................
10. ਮੁੱਖ ਨਤੀਜਾ ਨਿਕਲਣ ਦੀ ਮਿਤੀ ........................
11. ਪੱਤਰ-ਵਿਹਾਰ ਲਈ ਪੂਰਾ ਪੱਕਾ ਪਤਾ :........................
........................
ਜ਼ਿਲ੍ਹਾ........................ ਪਿੰਨ ਕੋਡ ........................ ਮੋਬਾਈਲ/ਟੈਲੀਫੋਨ ਨੰਬਰ (ਕੋਡ ਸਮੇਤ) ........................

**ਹਲਫੀਆ ਬਿਆਨ**

ਮੈਂ ........................ ਪੁੱਤਰ/ਪੁੱਤਰੀ ਸ੍ਰੀ ........................ ਹਲਫ਼ ਨਾਲ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਉੱਤਰ-ਕਾਪੀਆਂ ਦੇ ਪੁਨਰ-ਮੁਲਾਂਕਣ ਲਈ ਇਸ ਫ਼ਾਰਮ ਵਿੱਚ ਅੰਕਿਤ ਹਦਾਇਤਾਂ, ਸੂਚਨਾਵਾਂ ਅਤੇ ਨਿਯਮਾਂ ਨੂੰ ਧਿਆਨ ਨਾਲ ਚੰਗੀ ਤਰ੍ਹਾਂ ਪੜ੍ਹ ਲਿਆ ਹੈ ਅਤੇ ਇਨ੍ਹਾਂ ਤੇ ਅਮਲ ਕਰਨ ਲਈ ਵਚਨ-ਬੱਧ ਹਾਂ। ਪੁਨਰ-ਮੁਲਾਂਕਣ ਦਾ ਨਤੀਜਾ, ਮੇਰੇ ਹੱਕ ਵਿਚ ਹੋਵੇ ਜਾਂ ਖਿਲਾਫ਼, ਉਸ ਨੂੰ ਪ੍ਰਵਾਨ ਕਰਨ ਦਾ ਪ੍ਰਣ ਕਰਦਾ/ਕਰਦੀ ਹਾਂ। ਮੈਂ ਇਹ ਸਪਸ਼ਟ ਕਰਦਾ/ਕਰਦੀ ਹਾਂ ਕਿ, ਅਸਲ ਅੰਕ-ਬਿਓਰਾ-ਕਾਰਡ (ਡਿਟੇਲ ਮਾਰਕਸ ਕਾਰਡ)/ਆਰਜ਼ੀ ਨਤੀਜਾ-ਸੂਚਨਾ-ਪੱਤਰ (Provisional Intimation) ਨੂੰ ਮੈਂ ਇਸ ਫ਼ਾਰਮ ਨਾਲ ਨੱਥੀ ਕਰ ਦਿੱਤਾ ਹੈ ਅਤੇ ਇਸ ਦੀ ਕੋਈ ਦੂਪਰ੍ਹਤਾ (ਡੁਪਲੀਕੇਟ) ਕਾਪੀ ਵੀ ਮੈਂ ਆਪਣੇ ਪਾਸ ਨਹੀਂ ਰੱਖੀ, **ਜੇ ਅਜਿਹਾ ਕੋਈ ਦਸਤਾਵੇਜ਼ ਮੇਰੇ ਪਾਸੋਂ ਨਿਕਲੇ ਤਾਂ ਮੇਰੇ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਮੈਂ ਇਸ ਗੱਲ ਦੀ ਵੀ ਸਮਝ ਰੱਖਦਾ/ਰੱਖਦੀ ਹਾਂ ਕਿ ਉੱਤਰ-ਕਾਪੀਆਂ ਦਾ ਪੁਨਰ-ਮੁਲਾਂਕਣ ਕਰਵਾਉਣ ਦੇ ਨਾਲ ਸਬੰਧਿਤ ਪੇਪਰ ਵਿੱਚ ਪਹਿਲੇ ਪ੍ਰੀਖਿਅਕ ਦੁਆਰਾ ਦਿੱਤੇ ਅੰਕ ਆਪਣੇ ਆਪ ਰੱਦ ਹੋ ਜਾਣਗੇ-ਮੇਰਾ ਉਨ੍ਹਾਂ ਅੰਕਾਂ ਤੇ ਕੋਈ ਕਲੇਮ ਨਹੀਂ ਰਹੇਗਾ।**

ਮਿਤੀ........................ **ਵਿਦਿਆਰਥੀ ਦੇ ਹਸਤਾਖਰ**

**ਦਫ਼ਤਰੀ ਵਰਤੋਂ ਲਈ**

ਤਰੁਟੀ ਜੇਕਰ ਕੋਈ ਹੋਵੇ:........................
........................

**ਕਲਰਕ** **ਸਹਾਇਕ** **ਨਿਗਰਾਨ**

# ਪੁਨਰ-ਮੁਲਾਂਕਣ ਸੰਬੰਧੀ ਮੁੱਖ ਨਿਯਮ/ਹਦਾਇਤਾਂ

1. *ਅੰਡਰ-ਗ੍ਰੈਜੂਏਟ ਪੱਧਰ ਦੀਆਂ ਪ੍ਰੀਖਿਆਵਾਂ ਦੇ ਕੇਵਲ ਦੋ ਵਿਸ਼ਿਆਂ (ਜਾਂ ਉਨ੍ਹਾਂ ਦੇ ਬਣਦੇ ਸਾਰੇ ਏ.ਬੀ. ਅਤੇ ਸੀ. ਪੇਪਰਾਂ ਵਿੱਚੋਂ) ਅਤੇ ਪੋਸਟ-ਗ੍ਰੈਜੂਏਟ ਪੱਧਰ ਦੀਆਂ ਪ੍ਰੀਖਿਆਵਾਂ ਦੇ ਕੇਵਲ ਦੋ ਪੇਪਰਾਂ ਵਿੱਚ ਪੁਨਰ-ਮੁਲਾਂਕਣ ਕਰਵਾਉਣ ਦੀ ਇਜਾਜ਼ਤ ਹੈ।*
2. ਹੇਠ ਲਿਖੀਆਂ ਪ੍ਰੀਖਿਆਵਾਂ ਤੋਂ ਬਿਨਾਂ ਬਾਕੀ ਪ੍ਰੀਖਿਆਵਾਂ ਵਿਚ ਉੱਤਰ-ਕਾਪੀਆਂ ਦਾ ਪੁਨਰ-ਮੁਲਾਂਕਣ ਕਰਵਾਇਆ ਜਾ ਸਕਦਾ ਹੈ;
**(ੳ) ਐਮ. ਫਿਲ. /ਐਮ. ਲਿਟ. (ਅ) ਪ੍ਰੈਕਟੀਕਲ ਪ੍ਰੀਖਿਆਵਾਂ (ੲ) ਪੋਸਟ-ਗ੍ਰੈਜੂਏਟ ਪ੍ਰੀਖਿਆਵਾਂ ਵਿਚ ਖੋਜ-ਨਿਬੰਧ/ਥੀਸਿਸ**
3. ਪੁਨਰ-ਮੁਲਾਂਕਣ ਫ਼ਾਰਮ, ਅਸਲ ਅੰਕ-ਬਿਓਰਾ-ਕਾਰਡ/ਆਰਜ਼ੀ ਨਤੀਜਾ-ਸੂਚਨਾ-ਪੱਤਰ (Provisional Intimation) ਸਹਿਤ ਹੇਠਾਂ ਦਿੱਤੇ ਵੇਰਵੇ ਅਨੁਸਾਰ ਭੇਜੇ ਜਾ ਸਕਦੇ ਹਨ:-

| **ਵਰਗ** | **ਅੰਕ-ਬਿਓਰਾ-ਕਾਰਡ ਤੇ ਅੰਕਿਤ ਮਿਤੀ ਉਪਰੰਤ 500/- ਰੁਪਏ ਫ਼ੀਸ ਨਾਲ ਹੇਠਾਂ ਦਰਸਾਏ ਅਨੁਸਾਰ:** | |
|---|---|---|
| ਸਾਲਾਨਾ/ਸਮੈਸਟਰ ਪ੍ਰੀਖਿਆਵਾਂ ਨਾਲ ਸਬੰਧਿਤ ਕਾਲਜਾਂ/ਵਿਭਾਗਾਂ ਦੇ ਰੈਗੂਲਰ ਵਿਦਿਆਰਥੀ | ਸਾਲਾਨਾ/ਸਮੈਸਟਰ ਪ੍ਰੀਖਿਆਵਾਂ ਲਈ 14 ਦਿਨਾਂ ਦੇ ਅੰਦਰ | ਅਨੁਪੂਰਕ ਪ੍ਰੀਖਿਆਵਾਂ ਲਈ 14 ਦਿਨਾਂ ਦੇ ਅੰਦਰ |
| ਪ੍ਰਾਈਵੇਟ/ਸਮੈਸਟਰ(ਰੀ-ਅਪੀਅਰ) ਵਿਦਿਆਰਥੀ ਪੱਤਰ-ਵਿਹਾਰ ਸਿੱਖਿਆ ਵਿਭਾਗ | ਸਾਲਾਨਾ/ਸਮੈਸਟਰ ਪ੍ਰੀਖਿਆਵਾਂ ਲਈ 14 ਦਿਨਾਂ ਦੇ ਅੰਦਰ | ਅਨੁਪੂਰਕ ਪ੍ਰੀਖਿਆਵਾਂ ਲਈ 14 ਦਿਨਾਂ ਦੇ ਅੰਦਰ |
| ਡਿਪਾਰਟਮੈਂਟ ਆਫ ਡਿਸਟੈਂਸ ਐਜੂਕੇਸ਼ਨ (ਪੱਤਰ-ਵਿਹਾਰ ਸਿੱਖਿਆ ਵਿਭਾਗ) ਦੇ ਵਿਦਿਆਰਥੀ | ਸਾਲਾਨਾ ਪ੍ਰੀਖਿਆਵਾਂ ਲਈ 21 ਦਿਨਾਂ ਦੇ ਅੰਦਰ | ਅਨੁਪੂਰਕ ਪ੍ਰੀਖਿਆਵਾਂ ਲਈ 14 ਦਿਨਾਂ ਦੇ ਅੰਦਰ |
| **ਨੋਟ: 500/- ਰੁਪਏ ਲੇਟ ਫ਼ੀਸ ਨਾਲ ਉਕਤ ਸ਼ਡਿਊਲ ਉਪਰੰਤ ਅਗਲੇ ਸੱਤ ਦਿਨਾਂ ਤੱਕ ਵੀ ਫ਼ਾਰਮ ਭੇਜੇ ਜਾ ਸਕਦੇ ਹਨ।** | | |

4. ਜਿਨ੍ਹਾਂ ਵਿਦਿਆਰਥੀਆਂ ਦੇ ਕੇਸ ਵਿਚ ਨਤੀਜਾ ਮੇਨ ਗਜ਼ਟ ਵਿਚ ਨਹੀਂ ਕੱਢਿਆ ਜਾਂਦਾ ਅਤੇ ਕਿਸੇ ਵਜ੍ਹਾ ਕਾਰਨ ਲੇਟ ਦਰਸਾਇਆ ਜਾਂਦਾ ਹੈ, ਉਹਨਾਂ ਸੰਬੰਧੀ (ਸਿਵਾਏ ਆਰ. ਐਲ. (ਅਵਾਰਡ/ਯੂ.ਐਮ.ਸੀ. ਕੇਸਾਂ ਦੇ) ਪੁਨਰ-ਮੁਲਾਂਕਣ ਲਈ ਅਰਜ਼ੀ ਦੇਣ ਦਾ ਬਣਦਾ ਸਮਾਂ ਨਤੀਜੇ ਦੀ ਪ੍ਰੋਵੀਜ਼ਨਲ ਇੰਟੀਮੇਸ਼ਨ (ਜੋ ਉਹਨਾਂ ਨੂੰ ਭੇਜੀ ਜਾਂਦੀ ਹੈ) ਦੀ ਮਿਤੀ ਉਪਰੰਤ ਸ਼ਡਿਊਲ ਅਨੁਸਾਰ ਹੀ ਗਿਣਿਆ ਜਾਵੇਗਾ। ਬਾਅਦ ਵਿਚ ਵਿਦਿਆਰਥੀਆਂ ਵੱਲੋਂ ਘਾਟ ਪੂਰੀ ਕਰਨ ਉਪਰੰਤ ਨਤੀਜਾ ਨਿਕਲਣ ਤੇ ਅਜਿਹੇ ਵਿਦਿਆਰਥੀਆਂ ਨੂੰ (ਸਿਵਾਏ ਆਰ. ਐਲ. (ਅਵਾਰਡ/ਯੂ.ਐਮ.ਸੀ. ਕੇਸਾਂ ਦੇ) ਪੁਨਰ-ਮੁਲਾਂਕਣ ਦੀ ਅਰਜ਼ੀ ਦੇਣ ਦਾ ਹੱਕ ਕਿਸੇ ਵੀ ਆਧਾਰ ਤੇ ਨਹੀਂ ਹੋਵੇਗਾ।
5. ਫ਼ੀਸ "ਕਰਾਸਡ ਬੈਂਕ ਡਰਾਫਟ" ਦੁਆਰਾ ਭੇਜੀ ਜਾਵੇ ਜੋ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਂ ਹੋਵੇ ਅਤੇ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇ। ਬੈਂਕ ਡਰਾਫਟ ਦੇ ਪਿੱਛੇ ਇਕ ਕੋਨੇ ਵਿਚ ਵਿਦਿਆਰਥੀ ਦਾ ਨਾਂ, ਪ੍ਰੀਖਿਆ ਤੇ ਰੋਲ ਨੰ: ਜ਼ਰੂਰ ਲਿਖਿਆ ਹੋਵੇ। ਜੇਕਰ **ਫ਼ੀਸ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾਈ ਜਾਂਦੀ ਹੈ ਤਾਂ ਰਸੀਦ ਮੂਲ ਰੂਪ ਵਿੱਚ ਫ਼ਾਰਮ ਦੇ ਨਾਲ ਲਗਾਈ ਜਾਵੇ।**
6. ਫ਼ਾਰਮ, ਨਿਗਰਾਨ, ਸੀਕਰੇਸੀ ਸ਼ਾਖਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ-147 002 ਨੂੰ ਰਜਿਸਟਰੀ ਕਰਵਾ ਕੇ ਡਾਕ ਰਾਹੀਂ ਭੇਜਿਆ ਜਾਵੇ ਜਾਂ ਪੁੱਛ-ਗਿੱਛ ਅਤੇ ਸੂਚਨਾ ਕੇਂਦਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਦਫ਼ਤਰ ਵਿਚ ਦਸਤੀ ਜਮ੍ਹਾਂ ਕਰਵਾਇਆ ਜਾਵੇ।
7. ਫਾਰਮ ਵਿਚ ਸਾਰੇ ਇੰਦਰਾਜ ਹਰ ਪੱਖੋਂ ਪੂਰੇ ਹੋਣੇ ਚਾਹੀਦੇ ਹਨ। ਫ਼ਾਰਮ ਵਿਚ ਗਲਤ ਸੂਚਨਾ ਜਿਵੇਂ ਆਪਸ਼ਨ/ਪੇਪਰ, ਰੋਲ ਨੰ:, ਆਦਿ ਦਾ ਗਲਤ ਲਿਖਿਆ ਜਾਣਾ ਜਾਂ ਫਾਰਮ ਤੇ ਹਸਤਾਖ਼ਰ ਨਾ ਕਰਨਾ, ਅੰਕ-ਬਿਓਰਾ-ਕਾਰਡ ਜਾਂ ਨਤੀਜੇ ਦੀ ਆਰਜ਼ੀ-ਸੂਚਨਾ ਨੂੰ ਅਸਲ ਰੂਪ ਵਿਚ ਫਾਰਮ ਨਾਲ ਨਾ ਲਗਾਉਣਾ ਆਦਿ ਦੀ ਸੂਰਤ ਵਿਚ ਰੱਦ ਕੀਤੇ ਫ਼ਾਰਮ ਲਈ ਵਿਦਿਆਰਥੀ ਆਪ ਜ਼ਿੰਮੇਵਾਰ ਹੋਵੇਗਾ।
8. ਮੂਲ ਪ੍ਰੀਖਿਅਕ ਦੁਆਰਾ ਦਿੱਤੇ ਗਏ ਅੰਕ ਅਤੇ ਮੁੜ ਮੁਲਾਂਕਣ ਲਈ ਨਿਯੁਕਤ ਕੀਤੇ ਪ੍ਰੀਖਿਅਕ ਦੁਆਰਾ ਦਿੱਤੇ ਗਏ ਅੰਕਾਂ ਵਿਚ ਜੇਕਰ ਸਬੰਧਿਤ ਪੇਪਰ ਲਈ ਨਿਸਚਿਤ ਅਧਿਕਤਮ ਅੰਕਾਂ ਦੇ ਆਧਾਰ ਤੇ 10% ਤੱਕ ਵਾਧਾ/ਘਾਟਾ ਹੁੰਦਾ ਹੈ ਤਾਂ ਦੂਜੇ ਪ੍ਰੀਖਿਅਕ ਦੁਆਰਾ ਦਿੱਤੇ ਪੂਰੇ ਦੇ ਪੂਰੇ ਅੰਕ ਹੀ ਵਿਦਿਆਰਥੀ ਨੂੰ ਦਿੱਤੇ ਜਾਣਗੇ। ਜੇਕਰ ਪੁਨਰ-ਮੁਲਾਂਕਣ ਦੇ ਨੰਬਰਾਂ ਵਿਚ ਵਾਧਾ/ਘਾਟਾ 10% ਤੋਂ ਵੱਧ ਹੋਵੇ ਤਾਂ ਪਰਚੇ ਤੀਜੇ ਪ੍ਰੀਖਿਅਕ ਨੂੰ ਭੇਜੇ ਜਾਣਗੇ ਅਤੇ ਨਤੀਜਾ ਦੂਜੇ ਅਤੇ ਤੀਜੇ ਪ੍ਰੀਖਿਅਕ ਦੁਆਰਾ ਦਿੱਤੇ ਨੰਬਰਾਂ ਦੀ ਔਸਤ ਕੱਢ ਕੇ ਤਹਿ ਕੀਤਾ ਜਾਵੇਗਾ। ਉੱਤਰ-ਕਾਪੀਆਂ ਦਾ ਪੁਨਰ-ਮੁਲਾਂਕਣ ਕਰਵਾਉਣ ਵਿਚ ਪਹਿਲੇ (ਮੂਲ) ਪ੍ਰੀਖਿਅਕ ਦੁਆਰਾ ਦਿੱਤੇ ਅੰਕ ਆਪਣੇ ਆਪ ਰੱਦ ਹੋ ਜਾਣਗੇ। ਵਿਦਿਆਰਥੀ ਦਾ ਉਨ੍ਹਾਂ ਤੇ ਕੋਈ ਕਲੇਮ ਨਹੀਂ ਰਹੇਗਾ।
9. ਵਿਦਿਆਰਥੀ ਦਾ ਪੁਨਰ-ਮੁਲਾਂਕਣ ਦਾ ਨਤੀਜਾ ਪ੍ਰੀਖਿਆ ਸ਼ਾਖਾ ਦੁਆਰਾ ਪੁਨਰ-ਮੁਲਾਂਕਣ ਸੰਬੰਧੀ ਸਿੰਡੀਕੇਟ ਦੁਆਰਾ ਸਮੇਂ-ਸਮੇਂ ਤੇ ਬਣਾਏ ਗਏ/ ਜਾਂਦੇ ਨਿਯਮਾਂ ਅਧੀਨ ਕੱਢਿਆ ਜਾਵੇਗਾ, ਜਿਸ ਦੀ ਸੂਚਨਾ ਪ੍ਰੀਖਿਆ ਸ਼ਾਖਾ ਦੁਆਰਾ ਹੀ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ। ਨਤੀਜੇ ਦੀ ਘੋਸ਼ਣਾ ਤਕ **ਅੰਤਰਿਮ ਸਮੇਂ ਦੌਰਾਨ ਸੀਕਰੇਸੀ ਸ਼ਾਖਾ ਨਾਲ ਨਤੀਜੇ ਬਾਰੇ ਕੋਈ ਵੀ ਪੱਤਰ-ਵਿਹਾਰ ਨਾ ਕੀਤਾ ਜਾਵੇ।**
10. ਜਿਨ੍ਹਾਂ ਵਿਦਿਆਰਥੀਆਂ ਨੇ ਟੀ.ਡੀ.ਸੀ. ਭਾਗ ਦੂਜਾ ਅਤੇ ਤੀਜਾ ਦੇ ਕਿਸੇ ਵਿਸ਼ੇ ਵਿਚ ਆਨਰਜ਼ ਦੇ ਪਰਚੇ ਵੀ ਦਿੱਤੇ ਹੋਣ ਤੇ ਉਨ੍ਹਾਂ ਵਿਚੋਂ ਹੀ ਪੁਨਰ-ਮੁਲਾਂਕਣ ਕਰਵਾਉਣਾ ਚਾਹੁੰਦੇ ਹੋਣ ਤਾਂ ਉਨ੍ਹਾਂ ਨੂੰ ਫ਼ਾਰਮ ਵਿਚ ਵਿਸ਼ੇਸ਼ ਤੌਰ ਤੇ ਪੇਪਰ ਨਾਲ ਆਨਰਜ਼ ਸ਼ਬਦ ਲਿਖਣਾ ਜ਼ਰੂਰੀ ਹੈ। **ਸਮੈਸਟਰ ਪ੍ਰੀਖਿਆਵਾਂ ਸਮੇਤ, ਸਾਰੀਆਂ ਪ੍ਰੀਖਿਆਵਾਂ ਵਿਚ, ਜਿੱਥੇ ਪੇਪਰ ਦੀ ਆਪਸ਼ਨ ਹੋਵੇ, ਉਹ ਵੀ ਸਬੰਧਤ ਖਾਨੇ ਵਿਚ ਲਿਖਣੀ ਜ਼ਰੂਰੀ ਹੈ।**
11. ਇੰਮਪਰੂਵਮੈਂਟ ਦੇ ਪੇਪਰਾਂ ਵਿਚ ਪੁਨਰ-ਮੁਲਾਂਕਣ ਕਰਵਾਉਣ ਤੇ ਸਬੰਧਤ ਪੇਪਰ(ਾਂ) ਵਿੱਚ ਵਧੇ/ਘਟੇ ਅੰਕ ਪੁਨਰ-ਮੁਲਾਂਕਣ ਦੇ ਨਿਯਮਾਂ ਅਨੁਸਾਰ ਹੀ ਦਿੱਤੇ ਜਾਣਗੇ। ਇੰਪਰੂਵਮੈਂਟ ਦੇ ਕੇਸਾਂ ਵਿੱਚ ਪੁਨਰ-ਮੁਲਾਂਕਣ ਉਪਰੰਤ ਨੰਬਰ ਘਟਣ ਤੇ ਸਬੰਧਤ ਪੇਪਰ ਵਿੱਚ ਨਤੀਜਾ ਪੀ.ਆਰ.ਐਸ. (ਪਹਿਲਾ ਵਾਲਾ) ਨਹੀਂ ਰਹੇਗਾ।
12. ਮੈਰਿਟ-ਸੂਚੀ ਪੁਨਰ-ਮੁਲਾਂਕਣ ਦੇ ਨਤੀਜਿਆਂ ਦੇ ਆਧਾਰ ਤੇ ਫ਼ਾਈਨਲ ਹੋਵੇਗੀ।
13. ਜਿਨ੍ਹਾਂ ਵਿਦਿਆਰਥੀਆਂ ਦਾ ਪੁਨਰ-ਮੁਲਾਂਕਣ ਦਾ ਨਤੀਜਾ ਅਗਲੀ ਪ੍ਰੀਖਿਆ ਭਾਵ ਸਪਲੀਮੈਂਟਰੀ/ਸਾਲਾਨਾ ਪ੍ਰੀਖਿਆ ਸ਼ੁਰੂ ਹੋਣ ਤੱਕ ਘੋਸ਼ਿਤ ਨਹੀਂ ਕੀਤਾ ਜਾਂਦਾ ਅਤੇ ਵਿਦਿਆਰਥੀ ਅਗਲੀ ਪ੍ਰੀਖਿਆ ਵਿਚ ਬੈਠ ਜਾਂਦੇ ਹਨ, ਅਜਿਹੇ ਕੇਸਾਂ ਵਿਚ ਵਿਦਿਆਰਥੀਆਂ ਨੂੰ ਪੁਨਰ-ਮੁਲਾਂਕਣ ਜਾਂ ਅਗਲੀ ਪ੍ਰੀਖਿਆ ਵਿੱਚ ਸਬੰਧਿਤ ਪੇਪਰ ਦੇ ਅੰਕਾਂ ਵਿਚੋਂ, ਜਿਨ੍ਹਾਂ ਵਿਚ ਉਨ੍ਹਾਂ ਨੂੰ ਲਾਭ ਹੁੰਦਾ ਹੋਵੇ, ਉਹ ਅੰਕ ਰੱਖ ਕੇ ਉਨ੍ਹਾਂ ਦਾ ਪੁਨਰ-ਮੁਲਾਂਕਣ/ਰੀਅਪੀਅਰ ਨਤੀਜਾ ਘੋਸ਼ਿਤ ਕੀਤਾ ਜਾਵੇਗਾ (ਸਿੰਡੀਕੇਟ ਪੈਰਾ-18 ਮਿਤੀ 14-7-1992).
14. **ਫ਼ੇਲ੍ਹ ਅਤੇ ਰੀ-ਅਪੀਅਰ ਵਿਦਿਆਰਥੀ, ਜੋ ਨਾਲ ਲਗਦੇ ਸੈਸ਼ਨ ਦੀ ਪ੍ਰੀਖਿਆ ਲਈ ਫ਼ਾਰਮ ਅਤੇ ਫ਼ੀਸ ਭਰਦੇ ਹਨ ਅਤੇ ਨਾਲ ਹੀ ਪੁਨਰ-ਮੁਲਾਂਕਣ ਲਈ ਵੀ ਬਿਨੈ ਕਰਦੇ ਹਨ, ਜੇਕਰ ਪੁਨਰ-ਮੁਲਾਂਕਣ ਦੇ ਨਤੀਜੇ ਦੇ ਆਧਾਰ ਤੇ ਉਨ੍ਹਾਂ ਦੀ ਕਪੈਸਟੀ ਫੇਲ੍ਹ ਤੋਂ ਰੀ-ਅਪੀਅਰ ਜਾਂ ਰੀ-ਅਪੀਅਰ ਤੋਂ ਨਤੀਜਾ ਪਾਸ ਬਣ ਜਾਂਦੀ ਹੈ ਤਾਂ ਉਨ੍ਹਾਂ ਵੱਲੋਂ ਉਕਤ ਅਨੁਸਾਰ ਅਗਲੀ ਪ੍ਰੀਖਿਆ ਲਈ ਜਮ੍ਹਾਂ ਕਰਵਾਈ ਕੇਵਲ ਪ੍ਰੀਖਿਆ ਫ਼ੀਸ + ਵਿਸ਼ੇਸ਼ ਮੌਕਾ ਫ਼ੀਸ (ਜਿਥੇ ਕਿਤੇ ਲਾਗੂ ਹੋਵੇ) ਦਾ 90% ਹਿੱਸਾ ਸਬੰਧਤ ਵਿਦਿਆਰਥੀਆਂ ਨੂੰ ਵਾਪਸ ਕਰ ਦਿੱਤਾ ਜਾਵੇਗਾ। ਪਰ ਜੇਕਰ ਅਜਿਹੇ ਵਿਦਿਆਰਥੀਆਂ ਦਾ ਨਤੀਜਾ ਪੁਨਰ-ਮੁਲਾਂਕਣ ਉਪਰੰਤ ਵੀ ਫ਼ੇਲ੍ਹ/ਰੀ-ਅਪੀਅਰ ਹੀ ਰਹਿੰਦਾ ਹੈ ਤੇ ਉਨ੍ਹਾਂ ਵੱਲੋਂ ਪਹਿਲਾਂ**

**ਫ਼ੇਲ੍ਹ/ਰੀ-ਅਪੀਅਰ ਕਪੈਸਿਟੀ ਦਾ ਫ਼ਾਰਮ ਸਮੇਂ ਸਿਰ ਨਹੀਂ ਭਰਿਆ ਗਿਆ ਤਾਂ ਅਜਿਹੇ ਵਿਦਿਆਰਥੀਆਂ ਦੇ ਸਬੰਧਿਤ ਪ੍ਰੀਖਿਆ ਲਈ ਫ਼ਾਰਮ ਸ਼ਡਿਊਲ ਅਨੁਸਾਰ ਬਣਦੀ ਲੇਟ ਫ਼ੀਸ ਨਾਲ ਪ੍ਰਵਾਨ ਕੀਤੇ ਜਾਣਗੇ। ਲੇਟ ਫ਼ੀਸ ਜਾਂ ਵਾਧੂ ਫ਼ੀਸ, ਜੇ ਕੋਈ ਹੋਵੇ, ਰੀਫ਼ੰਡ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਪੁਨਰ-ਮੁਲਾਂਕਣ ਦੇ ਕੇਸਾਂ ਤੋਂ ਇਲਾਵਾ ਹੋਰ ਦੂਸਰੇ ਕੇਸਾਂ ਵਿੱਚ ਫ਼ੀਸ ਰਿਫੰਡ ਦਾ ਅਜਿਹਾ ਕੋਈ ਲਾਭ ਦਿੱਤਾ ਜਾਵੇਗਾ।**

15. ਜੇਕਰ ਕਾਲਜਾਂ/ਵਿਭਾਗਾਂ ਵਿੱਚ ਦਾਖਲਾ ਲੈ ਚੁੱਕੇ ਵਿਦਿਆਰਥੀ ਕਿਸੇ ਪੇਪਰ ਦਾ ਪੁਨਰ-ਮੁਲਾਂਕਣ ਕਰਵਾਉਂਦੇ ਹਨ ਤੇ ਉਨ੍ਹਾਂ ਦੇ ਨੰਬਰ ਪੁਨਰ-ਮੁਲਾਂਕਣ ਬਾਅਦ ਘੱਟ ਜਾਂਦੇ ਹਨ, ਤਾਂ ਵੀ ਉਹ ਦਾਖਲੇ ਵਾਸਤੇ ਯੋਗ ਬਣੇ ਰਹਿਣਗੇ ਬਸ਼ਰਤੇ ਕਿ ਉਹ ਦਾਖਲੇ ਲਈ ਹੋਰ ਸ਼ਰਤਾਂ ਦੇ ਨਾਲ-ਨਾਲ ਘੱਟ ਤੋਂ ਘੱਟ ਨੰਬਰਾਂ ਦੀ ਸ਼ਰਤ ਨੂੰ ਪੂਰਾ ਕਰਦੇ ਹੋਣ - ਉਨ੍ਹਾਂ ਦਾ ਨਾਂ ਸ਼੍ਰੇਣੀ ਵਿਚੋਂ ਖ਼ਾਰਜ ਨਹੀਂ ਕੀਤਾ ਜਾਵੇਗਾ। ਪਰ ਅਜਿਹਾ ਨਾ ਹੋਣ ਦੀ ਸੂਰਤ ਵਿਚ ਉਨ੍ਹਾਂ ਦਾ ਸਬੰਧਿਤ ਸ਼੍ਰੇਣੀ ਵਿਚ ਦਾਖਲਾ ਸੁਭਾਵਕ ਤੌਰ ਤੇ ਹੀ ਰੱਦ ਹੋ ਜਾਵੇਗਾ।

16. ਪੁਨਰ-ਮੁਲਾਂਕਣ ਨਾਲ ਸਬੰਧਿਤ ਨਿਯਮਾਂ/ਹਦਾਇਤਾਂ/ਸੂਚਨਾਵਾਂ ਵਿਚ ਸਮੇਂ-ਸਮੇਂ ਤੇ ਹੋਈ ਕਿਸੇ ਵੀ ਤਬਦੀਲੀ ਨੂੰ ਫ਼ਾਰਮ ਭਰਨ ਤੋਂ ਪਹਿਲਾਂ ਸਬੰਧਿਤ ਸਰੋਤ ਤੋਂ ਜਾਨਣ ਦੀ ਜ਼ਿੰਮੇਵਾਰੀ ਵਿਦਿਆਰਥੀਆਂ ਦੀ ਆਪਣੀ ਹੋਵੇਗੀ।

17. ਉੱਤਰ-ਕਾਪੀਆਂ ਦਾ ਪੁਨਰ-ਮੁਲਾਂਕਣ ਛੇਤੀ ਤੋਂ ਛੇਤੀ ਕਰਵਾਇਆ ਜਾਂਦਾ ਹੈ ਪਰ ਨਾ-ਟਾਲਣ ਯੋਗ ਹਾਲਾਤ (Un-avoidable circumstances) ਕਾਰਨ ਜੇਕਰ ਪੁਨਰ-ਮੁਲਾਂਕਣ ਵਿਚ ਦੇਰੀ ਹੁੰਦੀ ਹੈ ਤਾਂ ਉਸ ਲਈ ਯੂਨੀਵਰਸਿਟੀ ਜ਼ਿੰਮੇਵਾਰ ਨਹੀਂ ਹੋਵੇਗੀ। ਇਸ ਲ਼ਈ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣਾ ਅਗਲਾ ਪ੍ਰੋਗਰਾਮ ਅਸਲ ਨਤੀਜੇ ਅਨੁਸਾਰ ਹੀ ਉਲੀਕਣ।

18. ਉੱਤਰ-ਕਾਪੀਆਂ ਦੇ ਪੁਨਰ-ਮੁਲਾਂਕਣ ਲਈ ਫ਼ਾਰਮ ਇੰਚਾਰਜ, ਪੁੱਛ-ਗਿੱਛ ਅਤੇ ਸੂਚਨਾ ਕੇਂਦਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ-147 002 ਤੋਂ ਲਿਆ ਜਾ ਸਕਦਾ ਹੈ। ਇਸ ਦੀ ਕੀਮਤ 100/- ਰੁਪਏ ਹੈ ਜੋ ਫੀਸ ਦੇ ਨਾਲ ਵਸੂਲ ਕੀਤੀ ਜਾਵੇਗੀ। ਇਹ ਫਾਰਮ ਯੂਨੀਵਰਸਿਟੀ ਦੀ ਵੈਬਸਾਈਟ punjabiuniversity.ac.in ਤੇ ਵੀ ਉਪਲਬਧ ਹੈ ਜਿਸਨੂੰ download ਕਰਕੇ ਵਰਤਿਆ ਜਾ ਸਕਦਾ ਹੈ।

---

**ਨਤੀਜਾ ਕਾਰਡ/ਸਰਟੀਫਿਕੇਟ ਭੇਜਣ ਲਈ ਪਤਾ**

ਪ੍ਰੀਖਿਆ .......................... ਰੋਲ ਨੰ:..........................

ਨਾਂ ..................................................

ਪਤਾ..................................................

..................................................

..................................................

..................................................

**ਪੱਤਰ-ਵਿਹਾਰ ਲਈ ਪਤਾ**

ਪ੍ਰੀਖਿਆ .......................... ਰੋਲ ਨੰ:..........................

ਨਾਂ ..................................................

ਪਤਾ..................................................

..................................................

..................................................

..................................................

---

**ਪੱਤਰ-ਵਿਹਾਰ ਲਈ ਪਤਾ**

ਪ੍ਰੀਖਿਆ .......................... ਰੋਲ ਨੰ:..........................

ਨਾਂ ..................................................

ਪਤਾ..................................................

..................................................

..................................................

..................................................

**ਪੱਤਰ-ਵਿਹਾਰ ਲਈ ਪਤਾ**

ਪ੍ਰੀਖਿਆ .......................... ਰੋਲ ਨੰ:..........................

ਨਾਂ ..................................................

ਪਤਾ..................................................

..................................................

..................................................

..................................................

---

ਉੱਤਰ-ਕਾਪੀਆਂ ਦੇ ਪੁਨਰ-ਮੁਲਾਂਕਣ ਲਈ ਫ਼ਾਰਮ ਨੰ:.............................................. ਪ੍ਰੀਖਿਆ..........................................
ਰੋਲ ਨੰਬਰ.......................................... ਸੈਸ਼ਨ ਅਪ੍ਰੈਲ/ਮਈ/ਸਤੰਬਰ/ਨਵੰਬਰ 201....... ਦਸਤੀ ਵਸੂਲ ਪਾਇਆ।

**ਪ੍ਰਾਪਤ-ਕਰਤਾ ਦੇ ਹਸਤਾਖਰ (ਮਿਤੀ ਸਹਿਤ)**

PUP(O)-9081-20,000/7-14